# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

(ਕਾਲਜ ਸੈਕਸ਼ਨ)

ਸਪੀਡ ਪੋਸਟ/ਦਸਤੀ

ਨੰ. 18017 /ਕਾਲਜ/ਸ-6

ਮਿਤੀ 14/10/2015

ਚੇਅਰਮੈਨ/ਪ੍ਰਧਾਨ,
ਸਾਂਈ ਰਾਮ ਐਜੂਕੇਸ਼ਨਲ ਸੋਸਾਇਟੀ,
ਸਮਾਣਾ।

ਵਿਸ਼ਾ: ਸੈਸ਼ਨ 2015-16 ਤੋਂ ਬੀ.ਐਡ (ਦੋ ਸਾਲਾ ਕੋਰਸ) ਭਾਗ ਪਹਿਲਾ ਸਮੈਸਟਰ ਪਹਿਲਾ (100 ਸੀਟਾਂ) ਲਈ ਸਾਂਈ ਰਾਮ ਕਾਲਜ ਆਫ ਐਜੂਕੇਸ਼ਨ, ਸਰਾਂ ਪੱਤੀ, ਸਮਾਣਾ ਨੂੰ ਆਰਜ਼ੀ ਸਬੰਧਤਾ ਪ੍ਰਦਾਨ ਕਰਨ ਸਬੰਧੀ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਦੇ ਪੱਤਰ ਨੰ: SRC/SPL/2015/151 ਮਿਤੀ 08-10-15 ਦੇ ਹਵਾਲੇ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਵਾਈਸ-ਚਾਂਸਲਰ ਸਾਹਿਬ ਨੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿਚ ਮੁਆਇਨਾ ਕਮੇਟੀ ਵਲੋਂ ਪੇਸ਼ ਕੀਤੀ ਗਈ ਰਿਪੋਰਟ (ਕਾਪੀ ਨੱਥੀ ਹੈ) ਵਿਚ ਦਰਜ ਸ਼ਰਤਾਂ/ਹਦਾਇਤਾਂ ਤਹਿਤ ਤੋਂ ਇਲਾਵਾ ਐਨ.ਸੀ.ਟੀ.ਈ. ਦੀ ਲੋੜੀਂਦੀ ਪ੍ਰਵਾਨਗੀ NRC/NCTE/NRCAPP-4578/5791/7706/8764/4257/4261/5634/5468/3890/5484/7392/3425/8201/6845/4290/233rd meeting 89849-868 dated 3 Mar 2015 ਦੀ ਲੋਅ ਵਿੱਚ ਸੈਸ਼ਨ 2015-16 ਤੋਂ ਬੀ.ਐਡ (ਦੋ ਸਾਲਾ) ਕੋਰਸ ਭਾਗ ਪਹਿਲਾ (ਦੋ ਯੂਨਿਟ ਭਾਵ 100 ਸੀਟਾਂ) ਲਈ ਸਾਂਈ ਰਾਮ ਕਾਲਜ ਆਫ ਐਜੂਕੇਸ਼ਨ, ਸਰਾਂ ਪੱਤੀ, ਸਮਾਣਾ (Sai Ram College of Education, Srain Patti, Samana) ਵਿਖੇ ਸਾਂਝੀ ਵਿੱਦਿਆ ਦੇ ਕਾਲਜ ਨੂੰ ਆਰਜ਼ੀ ਸਬੰਧਤਾ ਦੀ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਹੈ ਕਿ ਮਿਤੀ 31-10-15 ਤੱਕ ਹੇਠ ਲਿਖੇ ਅਨੁਸਾਰ ਲੋੜੀਂਦੇ ਸਾਰੇ ਦਸਤਾਵੇਜ਼ ਦੀ ਪੂਰਤੀ ਕਰਕੇ ਦਫਤਰ ਵਿਖੇ ਤਸਦੀਕਸ਼ੁਦਾ ਦਸਤਾਵੇਜ਼ ਜਮਾਂ ਕਰਵਾਉਣ ਤੋਂ ਇਲਾਵਾ ਮੁਆਇਨਾ ਕਮੇਟੀ ਵੱਲੋਂ ਲਗਾਈਆਂ ਸ਼ਰਤਾਂ ਦੀ ਪੂਰਤੀ ਕਰਕੇ ਜਾਇਜ਼ਾ ਲੈਣ ਹਿੱਤ ਮੁੜ ਮੁਆਇਨਾ ਕਰਵਾਉਣਾ ਲਾਜ਼ਮੀ ਹੋਵੇਗਾ। ਇਸ ਉਪਰੰਤ ਹੀ ਬੀ.ਐਡ ਕੋਰਸ ਸਮੈਸਟਰ ਦੂਜਾ ਦੇ ਦਾਖਲੇ ਕਰਨ ਦੀ ਪ੍ਰਵਾਨਗੀ ਹੋਵੇਗੀ:

- ਪੱਤਰ ਜਾਰੀ ਹੋਣ ਦੀ ਮਿਤੀ ਤੋਂ 15 ਕੰਮਕਾਜੀ ਦਿਨਾਂ ਦੇ ਅੰਦਰ ਅੰਦਰ ਸੈਸ਼ਨ 2015-16 ਲਈ ਬੀ.ਐਡ ਕੋਰਸ ਵਿਚ ਦਾਖਲੇ ਕੀਤੇ ਵਿਦਿਆਰਥੀਆਂ ਦੀ ਦਾਖਲਾ ਰਜਿਸਟ੍ਰੇਸ਼ਨ ਰਿਟਰਨ ਜਮਾਂ ਕਰਵਾਉਣੀ ਲਾਜ਼ਮੀ ਹੋਵੇਗੀ।
- ਪੰਜਾਬ ਸਰਕਾਰ ਵੱਲੋਂ ਜਾਰੀ ਐਨ.ਓ.ਸੀ ਵਿੱਚ ਲਗਾਈ ਸ਼ਰਤ ਅਨੁਸਾਰ ਕਾਲਜ ਲਈ ਉਸਾਰੀ ਹੋਈ ਬਿਲਡਿੰਗ ਦੇ ਨਕਸ਼ੇ ਦੀ ਪ੍ਰਵਾਨਗੀ ਸਾਂਈ ਰਾਮ ਕਾਲਜ ਆਫ ਐਜੂਕੇਸ਼ਨ, ਸਮਾਣਾ ਖੇਤਰ ਲਈ ਚੀਫ ਟਾਊਨ ਪਲੈਨਰ ਤੋਂ ਪ੍ਰਾਪਤ ਕਰਕੇ ਪੱਤਰ/ਦਸਤਾਵੇਜ਼ ਮਿਤੀ 31-10-15 ਤੱਕ ਪੰਜਾਬ ਸਰਕਾਰ ਅਤੇ ਯੂਨੀਵਰਸਿਟੀ ਵਿਖੇ ਜਮਾਂ ਕਰਵਾਏ ਜਾਣ।
- ਸੋਸਾਇਟੀ ਦੀ ਵਿੱਤੀ ਸਥਿਤੀ ਸਬੰਧੀ ਠੋਸ ਸਬੂਤ ਦੀ ਕਾਪੀ ਭੇਜੀ ਜਾਵੇ।
- ਕਾਲਜ ਵਿਖੇ ਯੂਨੀਵਰਸਿਟੀ ਸਿਲੈਕਸ਼ਨ ਕਮੇਟੀ ਰਾਹੀਂ ਨਿਯੁਕਤ ਕੀਤੇ ਗਏ ਪ੍ਰਿੰਸੀਪਲ ਅਤੇ ਲੋੜੀਂਦੇ ਟੀਚਿੰਗ ਸਟਾਫ ਦੀ ਨਿਯੁਕਤੀ ਸਬੰਧੀ ਲੋੜੀਂਦੇ ਮੁਕੰਮਲ ਤਸਦੀਕਸ਼ੁਦਾ ਦਸਤਾਵੇਜ਼ (ਸਿਲੈਕਸ਼ਨ ਕਮੇਟੀ ਦੀ ਕਾਰਵਾਈ, ਨਿਯੁਕਤੀ ਪੱਤਰ ਅਤੇ ਜੁਆਇਨਿੰਗ ਰਿਪੋਰਟ ਸਮੇਤ) ਭੇਜੇ ਜਾਣ।
- ਕਾਲਜ ਵਿਖੇ ਨਿਯੁਕਤ ਨਾਨ-ਟੀਚਿੰਗ ਸਟਾਫ ਲਾਇਬ੍ਰੇਰੀਅਨ, ਲਾਇਬ੍ਰੇਰੀ ਰਿਸਟੋਰਰ, ਲੈਬਾਰਟਰੀ ਅਟੈਂਡੈਂਟ, ਅਕਾਊਂਟੈਂਟ, ਸੁਪਰਡੈਂਟ/ਹੈਡ ਕਲਰਕ, ਕਲਰਕ-ਕਮ-ਟਾਈਪਿਸਟ, ਸੇਵਾਦਾਰ, ਮਾਲੀ ਅਤੇ ਚੌਕੀਦਾਰ ਆਦਿ ਦੀ ਨਿਯੁਕਤੀ ਸਬੰਧੀ ਜਾਣਕਾਰੀ ਭੇਜੀ ਜਾਵੇ।
- 8 ਕਨਾਲ ਜ਼ਮੀਨ ਵਿੱਚ ਰਕਬੇ ਕਾਲਜ ਲਈ ਲੋੜੀਂਦੀ ਜ਼ਮੀਨ ਕਿਨਾਂ ਖਸਰਾ ਨੰਬਰਾ ਤੇ ਹੈ ਬਾਰੇ ਤਹਿਸੀਲਦਾਰ ਤੋਂ ਲੋੜੀਂਦਾ ਸਰਟੀਫਿਕੇਟ ਪ੍ਰਾਪਤ ਕਰਕੇ ਭੇਜਿਆ ਜਾਵੇ।
- ਭੇਜੇ ਗਏ ਦਸਤਾਵੇਜ਼ ਦਫਤਰ ਵਿਖੇ ਆ ਕੇ ਤਸਦੀਕ ਕੀਤੇ ਜਾਣ।
- ਸਾਂਝੀ ਵਿੱਦਿਆ ਦੇ ਕਾਲਜ ਲਈ ਇੰਡੋਮੈਂਟ ਫੰਡ ਵੱਜੋਂ ਭੇਜੀ ਗਈ 20,00,000/- ਰੁ: ਦੀ ਅਸਲ ਐਫ.ਡੀ.ਆਰ ਜੋ ਡੀਨ, ਕਾਲਜ ਵਿਕਾਸ ਕੌਂਸਲ ਅਤੇ ਸੋਸਾਇਟੀ ਦੇ ਨਾਮ ਸਾਂਝੀ ਬਣੀ ਹੋਈ ਹੈ ਦੀ ਥਾਂ ਤੇ ਇਹ ਐਫ.ਡੀ.ਆਰ ਘੱਟੋ ਘੱਟ 5 ਸਾਲ ਲਈ ਕੇਵਲ Dean College Development Council ਦੇ ਨਾਮ (ਭਾਵ ਜੋ ਕਿ ਸਾਂਝੀ ਨਾ ਬਣੀ ਹੋਵੇ) ਬਣਵਾ ਕੇ ਤੁਰੰਤ ਭੇਜੀ ਜਾਵੇ।

ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਯੂਨੀਵਰਸਿਟੀ ਦੀ ਬਿਨਾਂ ਪ੍ਰਵਾਨਗੀ ਬੀ.ਐਡ ਕੋਰਸ ਭਾਗ ਪਹਿਲਾ ਸਮੈਸਟਰ ਦੂਜਾ ਦੇ ਦਾਖਲੇ ਨਾ ਕੀਤੇ ਜਾਣ।

1. The College will have to deposit 3% Service Charge per annum on the principal amount of the Endowment Fund. In case of cancellation of the affiliation of the College by the University or college Management requests for withdrawal of affiliation, the college Management (President/Chairman/General Secretary) will have to give an affidavit duly attested by 1st class Magistrate on 25/- rupees stamp paper to the effect that nothing is due of the teaching, non-teaching staff and students towards college only then F.D.R deposited with the University will be released.

2. **The College will have to deposit the affiliation continuation fees every year as per University norms, latest by 31 August.**

3. In case, there is any revision in Endowment Fund/Affiliation Fee/Continuation Fee by the Syndicate, the College is bound to pay the difference.

4. The College will charge tuition fee and other charges as approved by the University and will maintain proper register/record of the same. No other fees and funds shall be charged by the College.

5. The Principal, teaching staff and librarian will be recruited/appointed as per U.G.C./Punjabi University, Patiala norms/qualifications through a properly constituted Selection Committee under the rules.

6. The College shall pay salary to the faculty in the UGC grades as adopted by the Punjabi University Patiala. An affidavit to this effect, signed by the President of the Foundation/Trust/Society, and duly attested by the Magistrate (First Class), will be submitted to the University. The College will maintain the proper record of the salary of the faculty and staff.

7. The College will send cases of the duly selected/appointed Principal/Faculty/Librarian, for approval from University, within one month from the date of their appointments.

8. The College shall submit the list of faculty members and supporting staff at the beginning of each Academic Year, latest by 15 August, every year. Any change in the management and all changes in the teaching faculty/staff shall be reported to the university immediately.

9. The College will not, without the prior permission of the Academic Council, suspend instruction in any subject or course of study for which it is authorized to impart instructions.

10. The College shall have a regularly constituted Governing body consisting of not more than twenty persons including, among others, two representatives of the University and will hold regular meetings of the Governing Body. The university representatives shall be appointed by the University.

11. The College building will not be used for any other purpose.

12. College once affiliated to this University, will not seek affiliation to any other University for any course(s)/subject(s).

13. The college will submit each year the statement of Annual Accounts to the University, duly audited by a chartered accountant, latest by 30 June, every year.

14. The College will provide the hostels and Principal residence in the College Campus.

15. The requisite certificates/NOC such as conversion certificate and approval of the building plan etc. by the competent authority of the Punjab Govt. will be submitted within one month.

16. The College must have arrangement with good practicing high schools which should have experienced staff and adequate equipment. The list of such schools, along with a certificate from the school head to this effect, be also supplied to the University.

17. The College will ensure compliance of conditions of NCTE, Jaipur imposed vide their Letter No NRC/NCTE/NRCAPP-4578/5791/7706/8764/4257/4261/5631/5468/3890/5484/7392/3425/5201/6845/4290/233th meeting 89849-868 dated 3 Mar 2015

18. The College will be bound to abide by the University/NCTE/Punjab Government rules issued from time to time.

19. **If a college does not satisfy the conditions imposed by the University regarding affiliation or extension of affiliation even after a reasonable time has been allowed to the college or makes violation of the conditions of affiliation imposed from time to time, the matter shall be reported to the Academic Council/Syndicate (as the case may be), by the Dean, College Development Council for such action against the college as the Academic Council/Syndicate may deem fit. Under section 12 of Chapter VI, Punjabi University, Calendar, Volume-I, 2006.**

**ਰਿਪੋਰਟ ਵਿਚ ਦਰਜ ਸ਼ਰਤਾਂ ਤੋਂ ਇਲਾਵਾ ਉਪਰੋਕਤ ਸ਼ਰਤਾਂ/ਹਦਾਇਤਾਂ ਦੀ ਪੂਰਤੀ ਕਰਕੇ ਵੇਰਵੇ ਸਹਿਤ ਹਰ ਨੁਕਤੇ ਤੇ ਰਿਪੋਰਟ ਤੁਰੰਤ ਭੇਜੀ ਜਾਵੇ।**

ਸਬੰਧਤਾ ਫੀਸ ਵੱਜੋਂ 1,00,000/- ਰੁ: ਦਾ ਬੈਂਕ ਡਰਾਫਟ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਾਮ ਪ੍ਰਾਪਤ ਹੋ ਚੁੱਕਾ ਹੈ। ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਐਨ.ਸੀ.ਟੀ.ਈ ਵੱਲੋਂ ਬੀ.ਐਡ ਕੋਰਸ ਦੋ ਸਾਲਾ ਦਾ ਕਰਨ ਕਾਰਨ ਬੀ.ਐਡ (ਦੋ ਸਾਲਾ) ਕੋਰਸ ਦੀ ਸਬੰਧਤਾ ਫੀਸ/ਕੰਟੀਨਿਊਸ਼ਨ ਫੀਸ ਮੁੜ ਨਿਰਧਾਰਤ ਕਰਨ ਸਬੰਧੀ ਮਾਮਲਾ ਯੂਨੀਵਰਸਿਟੀ ਦੇ ਵਿਚਾਰ ਅਧੀਨ ਹੈ। ਯੂਨੀਵਰਸਿਟੀ ਵੱਲੋਂ ਬੀ.ਐਡ (ਦੋ ਸਾਲਾ) ਕੋਰਸ ਦੀ ਜੋ ਸਬੰਧਤਾ ਫੀਸ/ਕੰਟੀਨਿਊਸ਼ਨ ਫੀਸ ਨਿਰਧਾਰਤ ਕੀਤੀ ਜਾਵੇਗੀ, ਉਸ ਅਨੁਸਾਰ ਸਬੰਧਤਾ ਫੀਸ/ਕੰਟੀਨਿਊਸ਼ਨ ਫੀਸ ਦਾ ਲੋੜੀਂਦਾ ਬੈਂਕ ਡਰਾਫਟ ਜਮਾਂ ਤੁਰੰਤ ਕਰਵਾਉਣਾ ਲਾਜ਼ਮੀ ਹੋਵੇਗਾ।

**ਇਹ ਸਪੱਸ਼ਟ ਹੈ ਕਿ ਸੈਸ਼ਨ 2016-17 ਤੋਂ ਬੀ.ਐਡ ਕੋਰਸ ਭਾਗ ਦੂਜਾ ਸ਼ੁਰੂ ਕਰਨ ਅਤੇ ਭਾਗ ਪਹਿਲਾ ਜਾਰੀ ਰੱਖਣ ਦੀ ਲੋੜੀਂਦੀ ਪ੍ਰਵਾਨਗੀ ਯੂਨੀਵਰਸਿਟੀ ਪਾਸੋਂ ਲੈਣੀ ਲਾਜ਼ਮੀ ਹੋਵੇਗੀ। ਯੂਨੀਵਰਸਿਟੀ ਦੀ ਬਿਨਾਂ ਪ੍ਰਵਾਨਗੀ ਸੈਸ਼ਨ 2016-17 ਤੋਂ ਬੀ.ਐਡ ਕੋਰਸ ਭਾਗ ਦੂਜਾ/ਐਂਟਰੀ ਪੁਆਇੰਟ/ਭਾਗ ਪਹਿਲਾ ਦੇ ਦਾਖਲੇ ਨਾ ਕੀਤੇ ਜਾਣ।**

ਉਪਰੋਕਤ ਸ਼ਰਤਾਂ/ਹਦਾਇਤਾਂ ਤੋਂ ਇਲਾਵਾ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਸਟੇਜ ਤੇ ਸੋਸਾਇਟੀ ਵਲੋਂ ਕਾਲਜ ਦੀ ਜ਼ਮੀਨ ਅਤੇ ਹੋਰ ਭੇਜੇ ਗਏ ਲੋੜੀਂਦੇ ਦਸਤਾਵੇਜ਼ ਗਲਤ ਪਾਏ ਜਾਂਦੇ ਹਨ ਤਾਂ ਉਸ ਦੀ ਸਾਰੀ ਜ਼ਿੰਮੇਵਾਰੀ ਕਾਲਜ ਦੀ ਸੋਸਾਇਟੀ ਦੀ ਆਪਣੀ ਹੋਵੇਗੀ ਅਤੇ ਇਸ ਸੂਰਤ ਵਿਚ ਯੂਨੀਵਰਸਿਟੀ ਵਲੋਂ ਕਾਲਜ ਦੀ ਸਬੰਧਤਾ ਰੱਦ ਵੀ ਕੀਤੀ ਜਾ ਸਕਦੀ ਹੈ। ਇਸ ਦੇ ਨਾਲ ਹੀ ਜੇਕਰ ਕਿਸੇ ਸਟੇਜ ਤੇ ਕਾਲਜ ਦੀ ਸੋਸਾਇਟੀ ਦਾ ਕਿਸੇ ਪ੍ਰਕਾਰ ਦਾ ਆਪਸੀ ਝਗੜਾ ਹੁੰਦਾ ਹੈ ਤਾਂ ਵੀ ਕਾਲਜ ਦੀ ਸੋਸਾਇਟੀ ਖੁੱਦ ਜ਼ਿੰਮੇਵਾਰ ਹੋਵੇਗੀ ਅਤੇ ਯੂਨੀਵਰਸਿਟੀ ਇਸ ਵਿਚ ਭਾਗੀਦਾਰ ਨਹੀਂ ਹੋਵੇਗੀ।

ਵਿਸ਼ਵਾਸਪਾਤਰ,

ਨੱਥੀ : ਰਿਪੋਰਟ ਦੀ ਕਾਪੀ

ਡੀਨ, ਕਾਲਜ ਵਿਕਾਸ ਕੌਂਸਲ